[رواه أحمد] [حسن]

ਦਿੱਤਾ ਜਾਂਦਾ ਹੈ। ਇਹ ਅਸਲ ਵਿੱਚ ਅੱਲਾਹ ਦਾ ਆਪਣੇ ਬੰਦਿਆਂ 'ਤੇ ਖਾਸ ਕਰਮ ਅਤੇ ਕਿਰਪਾ ਹੈ। ਜਦੋਂ ਕਿ ਚਾਰ ਪ੍ਰਕਾਰ ਦੇ ਲੋਕ ਹਨ: 1-ਉਹ ਵਿਅਕਤੀ ਜਿਸਨੂੰ ਦੁਨੀਆ ਵਿੱਚ ਖੁਸ਼ਹਾਲ ਤੇ ਖੁੱਲ੍ਹਾ ਰਿਜ਼ਕ (ਰੋਜ਼ੀ-ਰੋਟੀ) ਮਿਲਦਾ ਹੈ। ਸੋ ਉਹ ਦੁਨੀਆ ਵਿੱਚ ਐਸ਼ੋ-ਅਰਾਮ ਨਾਲ ਰਹਿੰਦਾ ਹੈ, ਲੇਕਿਨ ਆਖਰਤ (ਪਰਲੋਕ) ਵਿੱਚ ਉਸਨੂੰ ਤੰਗੀ ਤੇ ਕੰਗਾਲੀ ਮਿਲੇਗੀ ਅਤੇ ਉਸਦਾ ਟਿਕਾਣਾ ਜਹੰਨਮ ਹੋਵੇਗਾ। ਇਸ ਤੋਂ ਮੁਰਾਦ ਧਨਵਾਨ/ਅਮੀਰ ਕਾਫ਼ਿਰ ਹਨ। 2- ਉਹ ਵਿਅਕਤੀ ਜਿਸਨੂੰ ਦੁਨੀਆ ਵਿੱਚ ਰਿਜ਼ਕ ਦੀ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ, ਲੇਕਿਨ ਆਖਰਤ ਵਿੱਚ ਉਸ ਲਈ ਖੁਸ਼ਹਾਲੀ ਹੀ ਖੁਸ਼ਹਾਲੀ ਹੋਵੇਗੀ ਅਤੇ ਉਸਦਾ ਟਿਕਾਣਾ ਜੰਨਤ ਹੋਵੇਗਾ। ਇਸ ਤੋਂ ਮੁਰਾਦ ਫ਼ਕੀਰ (ਗਰੀਬ) ਮੋਮਿਨ ਹਨ। 3- ਉਹ ਵਿਅਕਤੀ ਜਿਸਨੂੰ ਦੁਨੀਆ ਤੇ ਆਖਰਤ ਦੋਹਾਂ ਵਿੱਚ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਮੁਰਾਦ ਫਕੀਰ ਕਾਫ਼ਿਰ ਹਨ। 4- ਉਹ ਵਿਅਕਤੀ ਜਿਸਨੂੰ ਦੁਨੀਆਂ ਤੇ ਆਖਰਤ ਦੋਹਾਂ ਵਿੱਚ ਖੁਸ਼ਹਾਲੀ ਹੀ ਖੁਸ਼ਹਾਲੀ ਮਿਲਦੀ ਹੈ। ਇਸ ਤੋਂ ਮੁਰਾਦ ਧਨਵਾਨ ਮੋਮਿਨ ਹਨ।

http://sunnah.global/hadeeth/pa/show/65014